Roll No. ........................ Total Pages : 4

# 5341/NH

**A–2110**

**ਪੰਜਾਬੀ ਲਾਜ਼ਮੀ–A**

Semester—I

Time Allowed : 3 Hours] [Maximum Marks : 75

**ਭਾਗ—ੳ**

1. 'ਪਾਣੀ' ਨਿਬੰਧ ਦਾ ਵਿਸ਼ਾ-ਵਸਤੂ ਬਿਆਨ ਕਰੋ।

**ਜਾਂ**

'ਕੀ ਖਾਈਏ ਤੇ ਕਿੰਨਾ ਖਾਈਏ' ਨਿਬੰਧ ਦਾ ਸਾਰ ਲਿਖੋ।

**ਜਾਂ**

'ਆਧੁਨਿਕ ਖੇਤੀ ਦੀਆਂ ਸਮੱਸਿਆਵਾਂ' ਨਿਬੰਧ ਦਾ ਸਾਰ ਲਿਖੋ। 12

2. ਕਿਸੇ **ਇਕ** ਪ੍ਰਸ਼ਨ ਦਾ ਉੱਤਰ ਦਿਓ :

(ੳ) 'ਵਿਗਿਆਨੀ ਪੂਰਨ ਸਿੰਘ' ਨਿਬੰਧ ਵਿਚ ਲੇਖਕ ਦੁਆਰਾ ਪੂਰਨ ਸਿੰਘ ਦੇ ਵਿਗਿਆਨ ਦੇ ਖੇਤਰ ਵਿਚ ਪਾਏ ਯੋਗਦਾਨ ਸਬੰਧੀ ਜਾਣਕਾਰੀ ਦਿਓ।



(ਅ) 'ਜੀਵਨ ਦਾ ਮੁੱਢ' ਨਿਬੰਧ ਵਿਚ ਲੇਖਕ ਨੇ ਧਰਤੀ ਉਤੇ ਜੀਵਨ ਦੀ ਮੁੱਢਲੀ ਉਤਪਤੀ ਦੇ ਭੇਤ ਨੂੰ ਕਿਵੇਂ ਖੋਲ੍ਹਿਆ ਹੈ?

(ੲ) 'ਐਲ.ਐਸ.ਡੀ.' ਨਿਬੰਧ ਵਿਚ ਲੇਖਿਕਾ ਦੁਆਰਾ ਐਲ.ਐਸ.ਡੀ. ਦੇ ਛਪੇ ਹੋਏ ਭੇਤਾਂ ਨੂੰ ਕਿਵੇਂ ਉਜਾਗਰ ਕੀਤਾ ਹੈ? 12

**ਭਾਗ—ਅ**

3. ਆਪਣੇ ਘਰ ਦੇ ਨਜ਼ਦੀਕ ਪਏ ਗੰਦਗੀ ਦੇ ਢੇਰ ਨੂੰ ਚੁਕਵਾਉਣ ਲਈ ਆਪਣੀ ਨਗਰਪਾਲਿਕਾ ਦੇ ਪ੍ਰਧਾਨ ਨੂੰ ਬੇਨਤੀ ਪੱਤਰ ਲਿਖੋ।

**ਜਾਂ**

ਆਪਣੇ ਰਾਜ ਦੇ ਵਿੱਦਿਆ ਮੰਤਰੀ ਨੂੰ ਇਕ ਚਿੱਠੀ ਰਾਹੀਂ ਇਹ ਬੇਨਤੀ ਕਰੋ ਕਿ ਤੁਹਾਡੇ ਇਲਾਕੇ ਵਿਚ ਇਕ ਤਕਨੀਕੀ ਕਾਲਜ ਖੋਲਿਆ ਜਾਵੇ। 9

4. ਗੁਰਮੁਖੀ ਲਿਪੀ ਦੀਆਂ ਵਿਸ਼ੇਸ਼ਤਾਵਾਂ ਸਬੰਧੀ ਜਾਣਕਾਰੀ ਦਿਓ।

**ਜਾਂ**

ਉਚਾਰਨ ਵਿਧੀ ਦੇ ਆਧਾਰ 'ਤੇ ਪੰਜਾਬੀ ਵਿਅੰਜਨਾਂ ਦਾ ਵਰਗੀਕਰਨ ਕਰੋ।

**ਜਾਂ**

ਉਚਾਰਨ ਸਥਾਨ ਤੋਂ ਕੀ ਭਾਵ ਹੈ? ਉਚਾਰਨ ਸਥਾਨ ਦੇ ਆਧਾਰ 'ਤੇ ਪੰਜਾਬੀ ਵਿਅੰਜਨ ਧੁਨੀਆਂ ਦਾ ਵਰਗੀਕਰਨ ਕਰੋ। 12

**ਭਾਗ—ੲ**

5. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ :

   1. 'ਗਿਆਨ ਸਰੋਵਰ' ਨਿਬੰਧ ਸੰਗ੍ਰਹਿ ਦੇ ਸੰਪਾਦਕ ਕੌਣ ਹੈ?
   2. ਧਰਤੀ ਆਪਣੇ ਧੁਰੇ ਦੁਆਲੇ ਇਕ ਚੱਕਰ ਕਿੰਨੇ ਸਮੇਂ ਵਿਚ ਪੂਰਾ ਕਰਦੀ ਹੈ?
   3. ਕੰਪਿਊਟਰ ਦੇ ਪਿਤਾਮਾ ਦਾ ਕੀ ਨਾਂ ਹੈ?
   4. ਪੂਰਨ ਸਿੰਘ ਦੀ ਸਭ ਤੋਂ ਪ੍ਰਸਿੱਧ ਕਾਢ ਕਿਹੜੀ ਸੀ?
   5. 'ਜੀਵ ਜੰਤੂਆਂ ਦਾ ਸੰਚਾਰ ਪ੍ਰਬੰਧ' ਨਿਬੰਧ ਕਿਸ ਦਾ ਲਿਖਿਆ ਹੋਇਆ ਹੈ?
   6. ਓਜ਼ੋਨ ਦੀ ਪਰਤ ਕਿਹੋ ਜਿਹੀ ਹੁੰਦੀ ਜਾ ਰਹੀ ਹੈ?
   7. ਸ਼ੁੱਕਰ ਗ੍ਰਹਿ ਦਾ ਇਕ ਦਿਨ ਸਾਡੇ ਕਿੰਨੇ ਦਿਨਾਂ ਦੇ ਬਰਾਬਰ ਹੈ?



   8. 'ਜੀਵ ਵਿਕਾਸ ਦਾ ਭਵਿਖ' ਨਿਬੰਧ ਦਾ ਲੇਖਕ ਕੌਣ ਹੈ?
   9. ਡਕਵੇਂ ਵਿਅੰਜਨ ਕੀ ਹੁੰਦੇ ਹਨ?
   10. ਨਾਸਕੀ ਵਿਅੰਜਨ ਕੀ ਹੁੰਦੇ ਹਨ?
   11. ਲਗਾਖਰ ਕਿਸ ਨੂੰ ਆਖਦੇ ਹਨ?
   12. ਗੁਰਮੁਖੀ ਲਿਪੀ ਦੇ ਪੈਂਤੀ ਅੱਖਰਾਂ ਦੀ ਤਰਤੀਬ ਲਿਖੋ।
   13. ਲਿਪੀ ਕੀ ਹੁੰਦੀ ਹੈ?
   14. ਤਾਲਵੀ ਧੁਨੀਆਂ ਕਿਹੜੀਆਂ ਹੁੰਦੀਆਂ ਹਨ?
   15. ਅਖੰਡੀ ਧੁਨੀਆਂ ਕੀ ਹੁੰਦੀਆਂ ਹਨ? 15×2=30